Oxford Radcliffe Hospitals NHS
NHS Trust

## ਆਕਸਫ਼ਰਡਸ਼ਾਇਰ ਡਾਇਆਬੈਟਿਕ ਆਈ ਸਕ੍ਰੀਨਿੰਗ ਸਰਵਿਸ

## ਡਾਇਆਬੈਟਿਕ ਰੈਟੀਨੋਪੈਥੀ ਕੀ ਹੈ?

ਜਦ ਡਾਇਆਬਿਟੀਜ਼ ਦਾ ਅਸਰ ਤੁਹਾਡੀ ਅੱਖ ਵਿਚ ਰੈਟੀਨਾ ਨਾਂ ਵਾਲੇ ਹਿੱਸੇ ਵਿਚ ਬਹੁਤ ਛੋਟੀਆਂ ਨਾੜਾਂ ’ਤੇ ਪੈਂਦਾ ਹੈ, ਤਾਂ ਇਹਨੂੰ ਰੈਟੀਨੋਪੈਥੀ ਆਖਿਆ ਜਾਂਦਾ ਹੈ। ਸ਼ੁਰੂ ਸ਼ੁਰੂ ਵਿਚ ਰੈਟੀਨੋਪੈਥੀ ਦਾ ਅਸਰ ਤੁਹਾਡੀ ਨਜ਼ਰ ’ਤੇ ਨਹੀਂ ਪੈਂਦਾ। ਪਰ ਜੇ ਇਹ ਤਬਦੀਲੀਆਂ ਵੱਧ ਮਾੜੀਆਂ ਹੋ ਜਾਣ, ਤਾਂ ਤੁਹਾਡੀ ਨਜ਼ਰ ’ਤੇ ਅਸਰ ਪਏਗਾ।
ਤੁਹਾਨੂੰ ਰੈਟੀਨੋਪੈਥੀ ਹੋਣ ਦਾ ਖ਼ਤਰਾ ਇਹਨਾਂ ਹਾਲਤਾਂ ਵਿਚ ਵੱਧ  ਹੁੰਦਾ ਹੈ, ਜੇ:

- ਤੁਹਾਨੂੰ ਕਾਫ਼ੀ ਸਮੇਂ ਤੋਂ ਡਾਇਬਿਟੀਜ਼ ਹੈ
- ਤੁਹਾਡੇ ਖ਼ੂਨ ਵਿਚ ਗਲੂਕੋਜ਼ (ਖੰਡ) ਦੀ ਮਿਕਦਾਰ ’ਤੇ ਠੀਕ ਕਾਬੂ ਨਹੀਂ
- ਤੁਹਾਡਾ ਬਲੱਡ ਪ੍ਰੈਸ਼ਰ ਜ਼ਿਆਦਾ ਹੈ
- ਤੁਹਾਨੂੰ ਗਰਭ ਹੈ
- ਤੁਸੀਂ ਇੰਸੂਲੀਨ ਲੈਂਦੇ ਹੋ।

## ਡਾਇਅਬੈਟਿਕ ਰੈਟੀਨੋਪੈਥੀ ਦੀ ਸਕ੍ਰੀਨਿੰਗ ਕੀ ਹੈ?

ਸਕ੍ਰੀਨਿੰਗ ਦਾ ਮਤਲਬ ਤੁਹਾਡੀਆਂ ਅੱਖਾਂ ਨੂੰ ਬਾਕਾਇਦਾ ਚੈਕ ਕਰਦੇ ਰਹਿਣਾ ਹੈ ਜਿਹਦੇ ਨਾਲ ਡਾਇਆਬੈਟਿਕ ਰੈਟੀਨੋਪੈਥੀ ਨਾਲ ਹੋਣ ਵਾਲੀਆਂ ਉਹਨਾਂ ਤਬਦੀਲੀਆਂ ਦਾ ਪਤਾ ਲਗਦਾ ਰਹੇ ਜਿਹਨਾਂ ਦਾ ਅਸਰ ਤੁਹਾਡੀ ਨਜ਼ਰ ’ਤੇ ਪੈ ਸਕਦਾ ਹੈ। ਇਹਨਾਂ ਤਬਦੀਲੀਆਂ ਦਾ ਨਾਂ ਨਜ਼ਰ ਲਈ ਖ਼ਤਰਾ ਬਣਨ ਵਾਲੀ ਡਾਇਆਬੈਟਿਕ ਰੈਟੀਨੋਪੈਥੀ ਹੈ। ਨਜ਼ਰ ਲਈ ਖ਼ਤਰਾ ਬਣਨ ਵਾਲੀ ਡਾਇਆਬੈਟਿਕ ਰੈਟੀਨੋਪੈਥੀ ਨੂੰ ਜਿੰਨੀ ਵੀ ਛੇਤੀ ਹੋ ਸਕੇ ਪਛਾਣ ਲੈਣ ਦਾ ਅਸਰਦਾਈ ਢੰਗ ਸਕ੍ਰੀਨਿੰਗ ਹੈ। ਜੇ ਨਜ਼ਰ ਲਈ ਖ਼ਤਰਾ ਬਣਨ ਵਾਲੀ ਡਾਇਆਬੈਟਿਕ ਰੈਟੀਨੋਪੈਥੀ ਸਾਨੂੰ ਦਿਸੇ ਤਾਂ ਅਸੀਂ ਤੁਹਾਨੂੰ ਅੱਖਾਂ ਦੇ ਮਾਹਿਰ ਕੋਲ ਭੇਜਾਂਗੇ।

## ਡਾਇਅਬੈਟਿਕ ਰੈਟੀਨੋਪੈਥੀ ਦੀ ਸਕ੍ਰੀਨਿੰਗ ਕਰਵਾਉਣਾ ਜ਼ਰੂਰੀ ਕਿਉਂ ਹੈ?

ਡਾਇਆਬੈਟਿਕ ਰੈਟੀਨੋਪੈਥੀ ਦਾ ਇਲਾਜ ਨਾ ਕਰਵਾਉਣਾ ਯੂ ਕੇ ਵਿਚ ਕੰਮ ਕਰਨ ਦੀ ਉਮਰ ਦੇ ਲੋਕਾਂ ਦੀ ਨਜ਼ਰ ਨਸ਼ਟ ਹੋਣ ਦੇ ਸਭ ਤੋਂ ਵੱਡੇ ਕਾਰਣਾਂ ਵਿਚੋਂ ਇਕ ਹੈ। ਡਾਇਆਬੈਟਿਕ ਰੈਟੀਨੋਪੈਥੀ ਦਾ ਆਮ ਤੌਰ ’ਤੇ ਨਜ਼ਰ ’ਤੇ ਤਦ ਤਕ ਅਸਰ ਨਹੀਂ ਪੈਂਦਾ ਜਦ ਤਕ ਤਬਦੀਲੀਆਂ ਬਹੁਤ ਵਧ ਨਹੀਂ ਜਾਂਦੀਆਂ।

ਡਾਇਆਬਿਟੀਜ਼ ਨਾਲ ਹੋਣ ਵਾਲਾ ਅੱਖਾਂ ਦਾ ਰੋਗ ਕਾਫ਼ੀ ਲੋਕਾਂ ਨੂੰ ਹੁੰਦਾ ਹੈ। ਅੰਦਾਜ਼ਾ ਇਹ ਹੈ ਕਿ ਡਾਇਬਿਟੀਜ਼ ਦੇ ਹਰ 4 ਮਰੀਜ਼ਾਂ ਵਿਚੋਂ 1 ਵਿਚ ਡਾਇਬਿਟੀਜ਼ ਦੀ ਪਛਾਣ ਹੋਣ ਮਗਰੋਂ 5 ਸਾਲਾਂ ਦੇ ਅੰਦਰ ਅੱਖਾਂ ਦੇ ਰੋਗ ਦੇ ਲੱਛਣ ਵੀ ਦਿਸਣ ਲਗ ਜਾਂਦੇ ਹਨ, ਜ਼ਿਆਦਾਤਰ ਲੋਕਾਂ ਵਿਚ ਇਹ ਤਬਦੀਲੀਆਂ ਹਲਕੀਆਂ ਜਿਹੀਆਂ ਹੁੰਦੀਆਂ ਹਨ ਅਤੇ ਨਜ਼ਰ ’ਤੇ ਕੋਈ ਅਸਰ ਨਹੀਂ ਪੈਂਦਾ। ਹਰ ਸਾਲ ਡਾਇਬਿਟੀਜ਼ ਵਾਲੇ 100 ਲੋਕਾਂ ਵਿਚੋਂ ਲੱਗਭਗ 2 ਲੋਕਾਂ ਦੀ ਨਜ਼ਰ ਡਾਇਬਿਟੀਜ਼ ਦੇ ਰੋਗ ਨਾਲ ਨਸ਼ਟ ਹੋ ਜਾਂਦੀ ਹੈ।

ਡਾਇਆਬੈਟਿਕ ਰੈਟੀਨੋਪੈਥੀ ਦਾ ਅਸਰਦਾਈ ਇਲਾਜ ਹੈ ਜਿਹਦੇ ਨਾਲ ਨਜ਼ਰ ਵਿਚ ਖ਼ਰਾਬੀ ਹੋਣ ਨੂੰ ਘਟਾਇਆ ਜਾ ਸਕਦਾ ਹੈ। ਜੇ ਇਹ ਇਲਾਜ ਸ਼ੁਰੂ ਵਿਚ ਹੋ ਜਾਏ ਤਾਂ ਇਹਦਾ ਅਸਰ ਵੱਧ ਹੁੰਦਾ ਹੈ।

## ਆਕਸਫ਼ੋਰਡ ਡਾਇਆਬੈਟਿਕ ਆਈ ਸਕ੍ਰੀਨਿੰਗ (ਓਡੈੱਸ ODESS) ਬਾਰੇ ਕੁਝ ਕੰਮ ਆਉਣ   ਵਾਲੀਆਂ ਗੱਲਾਂ

ਆਕਸਫ਼ੋਰਡਸ਼ਾਇਰ ਵਿਚ, ਡਾਇਟਿਜ਼ ਨਾਲ ਸੰਬੰਧਤ ਅੱਖਾਂ ਦੀ ਸਕ੍ਰੀਨਿੰਗ ਦਾ ਪ੍ਰਬੰਧ ਆਕਸਫ਼ੋਰਡ ਆਈ ਹਸਪਤਾਲ ਵਿਚ ਓਡੈੱਸ ਕਰਦੀ ਹੈ। ਸਭ ਸੱਦੇ ਅਤੇ ਨਤੀਜੇ ਇਸ ਦਫ਼ਤਰ ਵਿਚੋਂ ਭੇਜੇ ਜਾਂਦੇ ਹਨ।

ਸਕ੍ਰੀਨਿੰਗ ਦੇ ਕੰਮ ਦਾ ਠੇਕਾ ਕਮਿਉਨਿਟੀ ਵਿਚ ਕੰਮ ਕਰਨ ਵਾਲੇ ਔਪਟੋਮੀਟਰਿਸਟਾਂ (ਐਨਕਸਾਜ਼ਾਂ) ਨੂੰ ਜਾਂ ਤੁਹਾਡੇ ਜੀ ਪੀ ਡਾਕਟਰ ਦੀ ਸਰਜਰੀ ਵਿਚ ਕੰਮ ਕਰਨ ਵਾਲੇ ਟੈਕਨੀਸ਼ੀਅਨਾਂ ਨੂੰ ਦਿੱਤਾ ਜਾਂਦਾ ਹੈ। ਹਰ ਸਾਲ ਤੁਹਾਨੂੰ ਡਿਜੀਟਲ ਫ਼ੋਟੋਗਰਾਫ਼ੀ ਵਾਲੇ ਢੰਗ ਨਾਲ ਅੱਖਾਂ ਦੀ ਸਕ੍ਰੀਨਿੰਗ ਲਈ ਬੁਲਾਉਣ ਲਈ ਖ਼ਤ ਭੇਜਿਆ ਜਾਏਗਾ। ਡਾਇਬਿਟੀਜ਼ ਦੇ ਮਰੀਜ਼ਾਂ ਦੀ ਦੇਖਭਾਲ ਦਾ ਜ਼ਰੂਰੀ ਹਿੱਸਾ ਉਹਨਾਂ ਦੀਆਂ ਅੱਖਾਂ ਦੀ ਸਕ੍ਰੀਨਿੰਗ ਵੀ ਹੈ। 12 ਸਾਲ ਜਾਂ ਵੱਧ ਉਮਰ ਦੇ ਹਰ ਮਰੀਜ਼ ਨੂੰ ਅੱਖਾਂ ਦੀ ਸਕ੍ਰੀਨਿੰਗ ਲਈ ਬੁਲਾਇਆ ਜਾਏਗਾ।

ਜੇ ਤੁਹਾਡੇ ਜੀ ਪੀ ਡਾਕਟਰ ਨੇ ਅੱਖਾਂ ਦੀ ਸਕ੍ਰੀਨਿੰਗ ਦਾ ਪ੍ਰਬੰਧ ਆਪਣੀ ਸਰਜਰੀ ਵਿਚ ਕੀਤਾ ਹੈ ਤਾਂ ਤੁਹਾਨੂੰ ਚਾਹੀਦਾ ਹੈ ਕਿ ਅਪੁਆਇੰਟਮੈਂਟ ਬੁਕ ਕਰਨ ਲਈ ਓਫ਼ਿੱਸ ਨੂੰ ਫ਼ੋਨ ਕਰੋ।

ਜੇ ਤੁਹਾਡੀ ਜੀ ਪੀ ਸਰਜਰੀ ਸਕ੍ਰੀਨਿੰਗ ਦਾ ਕੰਮ ਔਪਟੋਮੀਟਰਿਸਟਾਂ ਤੋਂ ਕਰਵਾਉਣਾ ਚਾਹੁੰਦੀ ਹੈ ਤਾਂ ਤੁਹਾਨੂੰ ਬੁਲਾਉਣ ਵਾਲੇ ਖ਼ਤ ਦੇ ਨਾਲ ਠੇਕੇਦਾਰ ਔਪਟੋਮੀਟਰਿਸਟਾਂ ਦੀ ਲਿਸਟ ਵੀ ਭੇਜੀ ਜਾਏਗੀ। ਸਕ੍ਰੀਨਿੰਗ ਕਰਵਾਉਣ ਦੀ ਅਪੁਅਇੰਟਮੈਂਟ ਲੈਣ ਲਈ ਤੁਸੀਂ ਕਿਸੇ ਠੇਕੇਦਾਰ ਔਪਟੋਮੀਟਰਿਸਟ ਨਾਲ ਸਿੱਧਿਆਂ ਗੱਲ ਕਰੋਗੇ। ਜੇ ਤੁਸੀਂ ਉਸੇ ਵੇਲੇ ਅੱਖਾਂ ਦਾ ਟੈਸਟ ਨਹੀਂ ਕਰਵਾਉਣਾ ਚਾਹੁੰਦੇ, ਤਾਂ ਇਹ ਟੈਸਟ ਕਰਵਾਉਣਾ ਜ਼ਰੂਰੀ ਨਹੀਂ ਹੈ।

### ਅਪੁਆਇੰਟਮੈਂਟ ਵੇਲੇ ਕੀ ਹੋਏਗਾ?

ਸਕ੍ਰੀਨਿੰਗ ਕਰਨ ਵਾਲਾ ਤੁਹਾਡੇ ਬਾਰੇ ਜਾਣਕਾਰੀ ਨੂੰ ਚੈਕ ਕਰਕੇ ਸਕ੍ਰੀਨਿੰਗ ਦਾ ਢੰਗ ਸਮਝਾਏਗਾ। ਤੁਹਾਡੀ ਦੂਰ ਦੀ ਨਜ਼ਰ (ਵਿਯੁਅਲ ਐਕਿਉਇਟੀ) ਚੈਕ ਕੀਤੀ ਜਾਏਗੀ। ਫਿਰ ਤੁਹਾਡੀਆਂ ਅੱਖਾਂ ਦੀਆਂ ਪੁਤਲੀਆਂ ਦਵਾਈ ਦੀਆਂ ਬੂੰਦਾਂ ਪਾ ਕੇ ਇੰਨੀਆਂ ਕੁ ਚੌੜੀਆਂ ਕੀਤੀਆਂ ਜਾਣਗੀਆਂ ਕਿ ਫ਼ੋਟੋ ਲਈ ਜਾ ਸਕੇ। ਬੂੰਦਾਂ ਦਾ ਅਸਰ 15 - 20 ਮਿੰਟਾਂ ਵਿਚ ਹੋ ਜਾਂਦਾ ਹੈ ਅਤੇ ਇਹਤੋਂ ਮਗਰੋਂ ਕੁਝ ਘੰਟੇ ਤੁਹਾਡੀ ਨਜ਼ਰ ਧੁੰਦਲੀ ਰਹੇਗੀ। ਇਹਦੇ ਨਾਲ 2-4 ਘੰਟੇ ਤੁਹਾਡੀ ਗੱਡੀ ਚਲਾਉਣ ਦੀ ਯੋਗਤਾ 'ਤੇ ਅਸਰ ਪਏਗਾ।

ਸਕ੍ਰੀਨਿੰਗ ਕਰਨ ਵਾਲਾ ਤੁਹਾਡੀਆਂ ਹਰ ਅੱਖ ਦੇ ਪਿਛਲੇ ਹਿੱਸੇ (ਰੈਟੀਨਾ) ਦੇ ਘੱਟੋ ਘੱਟ ਦੋ ਫ਼ੋਟੋ ਲਏਗਾ। ਕੈਮਰਾ ਤੁਹਾਡੀਆਂ ਅੱਖਾਂ ਨੂੰ ਛੂੰਹਦਾ ਨਹੀਂ। ਹਰ ਫ਼ੋਟੋ ਲਏ ਜਾਣ ਵੇਲੇ ਤੁਹਾਨੂੰ ਰੋਸ਼ਨੀ ਦੀ ਤੇਜ਼ ਚਮਕ ਦਿਸੇਗੀ।

### ਮੈਨੂੰ ਆਪਣੇ ਨਾਲ ਕੀ ਲਿਜਾਣਾ ਚਾਹੀਦਾ ਹੈ?

ਆਪਣੀ ਦੂਰ ਦੀ ਨਜ਼ਰ ਦੀਆਂ ਆਮ ਐਨਕਾਂ ਨਾਲ ਲੈ ਜਾਓ। ਧੁੱਪ ਦੀਆਂ ਐਨਕਾਂ ਲੈ ਜਾਣਾ ਵੀ ਚੰਗੀ ਗੱਲ ਹੈ ਕਿਉਂਕਿ ਪੁਤਲੀਆਂ ਚੌੜੀਆਂ ਹੋਣ ਮਗਰੋਂ ਧੁੱਪ ਬਹੁਤ ਤੇਜ਼ ਜਾਪੇਗੀ।

### ਮੇਰੀ ਅਪੁਆਇੰਟਮੈਂਟ ਮਗਰੋਂ ਕੀ ਹੋਏਗਾ?

ਸਭ ਫ਼ੋਟੋ ਓਫ਼ਿੱਸ ਨੂੰ ਭੇਜੇ ਜਾਣਗੇ। ਫਿਰ ਮਾਹਿਰ ਸਟਾਫ਼ ਇਹਨਾਂ ਨੂੰ ਚੈਕ ਕਰਕੇ ਡਾਇਬੈਟਿਕ ਰੈਟੀਨੋਪੈਥੀ ਦੇ ਲੱਛਣ ਲੱਭੇਗਾ। ਅਪੁਆਇੰਟਮੈਂਟ ਤੋਂ ਲੱਗਭਗ 3-6 ਹਫ਼ਤਿਆਂ ਮਗਰੋਂ ਅੱਖਾਂ ਦੀ ਸਕ੍ਰੀਨਿੰਗ ਦੇ ਨਤੀਜੇ ਤੁਹਾਨੂੰ ਅਤੇ ਤੁਹਾਡੇ ਜੀ ਪੀ ਡਾਕਟਰ ਨੂੰ ਭੇਜੇ ਜਾਣਗੇ।

ਜ਼ਿਆਦਾਤਰ ਲੋਕਾਂ ਨੂੰ ਅਗਲੇ ਸਾਲ ਫਿਰ ਸਕ੍ਰੀਨਿੰਗ ਲਈ ਬੁਲਾਇਆ ਜਾਂਦਾ ਹੈ। ਪਰ ਕਈ ਵਾਰ ਅਜਿਹਾ ਹੁੰਦਾ ਹੈ ਕਿ ਸਕ੍ਰੀਨਿੰਗ ਕਰਨ ਵਾਲਾ ਤੁਹਾਡੀਆਂ ਅੱਖਾਂ ਦੇ ਸਹੀ ਫ਼ੋਟੋ ਨਾ ਲੈ ਸਕੇ; ਤਦ ਤੁਹਾਨੂੰ ਰੈਡਕਲਿਫ਼ ਹਸਪਤਾਲ ਵਿਚ ਵਧੇਰੇ ਜਾਂਚ ਪੜਤਾਲ ਲਈ ਸਲਿਟ ਲੈਂਪ ਬਾਇਓ-ਮਾਈਕ੍ਰੋਸਕੋਪੀ ਲਈ ਭੇਜਿਆ ਜਾਂਦਾ ਹੈ।

ਜੇ ਤੁਹਾਡੀ ਸਕ੍ਰੀਨਿੰਗ ਦੇ ਨਤੀਜਿਆਂ ਵਿਚ ਉਹ ਡਾਇਬੈਟਿਕ ਰੈਟੀਨੋਪੈਥੀ ਦਿਸੇ ਜੋ ਤੁਹਾਡੀ ਨਜ਼ਰ ਨੂੰ ਨਸ਼ਟ ਕਰ ਸਕਦੀ ਹੈ, ਤਾਂ ਤੁਹਾਨੂੰ ਅੱਖਾਂ ਦੇ ਮਾਹਿਰ ਡਾਕਟਰ ਤੋਂ ਹੋਰ ਜਾਂਚ ਪੜਤਾਲ / ਜਾਂ ਟੈਸਟਾਂ ਕਰਵਾਉਣ ਲਈ ਆਕਸਫ਼ੋਰਡ ਆਈ ਹਸਪਤਾਲ ਭੇਜਿਆ ਜਾਏਗਾ।

ਮੇਰੀਆਂ ਅੱਖਾਂ ਦੇ ਆਮ ਟੈਸਟ ਵੇਲੇ ਉਹਨਾਂ ਦੇ ਫ਼ੋਟੋ ਲਏ ਗਏ ਸਨ। ਕੀ ਹਾਲੇ ਵੀ ਮੈਨੂੰ ਸਕ੍ਰੀਨਿੰਗ ਲਈ ਜਾਣਾ ਪਏਗਾ?

ਹਾਂ, ਤੁਹਾਨੂੰ ਹਾਲੇ ਵੀ ਸਕ੍ਰੀਨਿੰਗ ਲਈ ਜਾਣਾ ਪਏਗਾ। ਹਾਈ ਸਟ੍ਰੀਟਾਂ ਵਿਚ ਕੰਮ ਕਰਨ ਵਾਲੇ ਜ਼ਿਆਦਾਤਰ

ਔਟੋਮੀਟਰਿਸਟ (ਐਨਕਸਾਜ਼) ਅੱਖਾਂ ਦੇ ਆਮ ਟੈਸਟ ਕਰਨ ਵੇਲੇ ਅੱਖਾਂ ਦੀ ਫ਼ੋਟੋ ਲੈਣ ਦਾ ਕੰਮ ਵੀ ਕਰਦੇ ਹਨ, ਪਰ ਇਹ ਸਕ੍ਰੀਨਿੰਗ ਨਹੀਂ ਹੁੰਦੀ।

**ਸਾਡੇ ਨਾਲ ਸੰਪਰਕ ਕਿਵੇਂ ਕਰੋ**

ਜੇ ਤੁਸੀਂ ਅੱਖਾਂ ਦੀ ਸਕ੍ਰੀਨਿੰਗ ਬਾਰੇ ਕੋਈ ਸਵਾਲ ਪੁੱਛਣੇ ਹਨ ਤਾਂ ਤੁਸੀਂ **ਓਡੈੱਸ (ODESS)** ਦੇ ਦਫ਼ਤਰ ਨੂੰ ਨੰਬਰ **01865 231586** 'ਤੇ ਫ਼ੋਨ ਕਰੋ (ਸਵੇਰੇ 8.30 ਵਜੇ ਤੋਂ ਸ਼ਾਮ 4.30 ਵਜੇ ਤਕ), ਜਾਂ ਇਸ ਪਤੇ 'ਤੇ ਈਮੇਲ ਭੇਜੋ odess@nhs.net.

**ਵਧੇਰੇ ਜਾਣਕਾਰੀ**

ਅੱਗੇ ਦੱਸੀਆਂ ਵੈੱਬਸਾਈਟਾਂ ਤੋਂ ਹੋਰ ਜਾਣਕਾਰੀ ਮਿਲ ਸਕਦੀ ਹੈ:

**ODESS:** www.oxfordradcliffe.nhs.uk/eyehospital/ODESS

**NHS Choices:** www.nhs.uk/Conditions/Diabetic-retinopathy

**English National Screening Programme for Diabetic Retinopathy:** www.retinalscreening.nhs.uk

Helen Lipinski, Programme Manager, ODESS
Version 2, March 2011; Review, March 2014
Oxford Radcliffe Hospitals NHS Trust, Oxford OX3 9
www.oxfordradcliffe.nhs.uk/patientinformation

OMI 2893